# Official Spokesperson’s response to media queries on escalation of conflict in Ukraine

October 10, 2022

---

## ਯੂਕਰੇਨ ਵਿੱਚ ਟਕਰਾਅ 'ਚ ਵਾਧਾ ਹੋਣ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**10 ਅਕਤੂਬਰ, 2022**

ਯੂਕਰੇਨ ਵਿੱਚ ਟਕਰਾਅ 'ਚ ਵਾਧਾ ਹੋਣ ਬਾਰੇ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

1. ਭਾਰਤ ਯੂਕਰੇਨ 'ਚ ਟਕਰਾਅ, ਜਿਸ ਵਿੱਚ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਕਈ ਨਾਗਰਿਕ ਮਾਰੇ ਗਏ ਹਨ, ਦੇ ਵਧਣ 'ਤੇ ਬਹੁਤ ਚਿੰਤਤ ਹੈ।

2. ਅਸੀਂ ਇਹ ਗੱਲ ਦੁਹਰਾਉਂਦੇ ਹਾਂ ਕਿ ਲੜਾਈ ਨੂੰ ਵਧਾਉਣਾ ਕਿਸੇ ਦੇ ਹਿੱਤ ਵਿੱਚ ਨਹੀਂ ਹੈ। ਅਸੀਂ ਲੜਾਈ ਨੂੰ ਤੁਰੰਤ ਖਤਮ ਕਰਕੇ ਕੂਟਨੀਤੀ ਅਤੇ ਗੱਲਬਾਤ ਦੇ ਰਾਹ 'ਤੇ ਤੁਰੰਤ ਵਾਪਸੀ ਦੀ ਅਪੀਲ ਕਰਦੇ ਹਾਂ। ਭਾਰਤ ਅਜਿਹੇ ਸਾਰੇ ਯਤਨਾਂ ਦੀ ਹਮਾਇਤ ਕਰਨ ਲਈ ਤਿਆਰ ਹੈ, ਜਿਨ੍ਹਾਂ ਦਾ ਉਦੇਸ਼ ਤਣਾਅ ਘਟਾਉਣਾ ਹੈ।

3. ਭਾਰਤ ਨੇ ਟਕਰਾਅ ਦੀ ਸ਼ੁਰੂਆਤ ਤੋਂ ਲਗਾਤਾਰ ਇਹ ਨਜ਼ਰੀਆ ਬਣਾਈ ਰੱਖਿਆ ਹੈ ਕਿ ਆਲਮੀ ਵਿਵਸਥਾ ਸੰਯੁਕਤ ਰਾਸ਼ਟਰ ਚਾਰਟਰ ਦੇ ਸਿਧਾਂਤਾਂ, ਅੰਤਰਰਾਸ਼ਟਰੀ ਕਾਨੂੰਨ ਅਤੇ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ ਪ੍ਰਤੀ ਸਤਿਕਾਰ ਉੱਤੇ ਆਧਾਰਿਤ ਹੈ।

ਨਵੀਂ ਦਿੱਲੀ
10 ਅਕਤੂਬਰ, 2022

DISCLAIMER: This is an approximate translation. The original is available in English on MEA’s website and may be referred to as the official press release.